# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ  ਸਹਿ ਸੰਪਾਦਕ: ਨਵਜੋਤ ਬਿਲਿੰਗ  ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ  ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ



## ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਬਜ਼ੁਰਗ ਪੰਜਾਬੀ ਲੇਖਕ ਰਘਬੀਰ ਸਿੰਘ ਭਰਤ ਦੇ ਵਿਛੋੜੇ ਤੇ ਅਫ਼ਸੋਸ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 23 ਅਕਤੂਬਰ : ਪੰਜਾਬੀ ਸਾਹਿੱਤ ਸੱਭਿਆਚਾਰ ਤੇ ਪਾਕਿਸਤਾਨੀ ਪੰਜਾਬੀ ਸਾਹਿੱਤ ਦੇ ਗੂੜ੍ਹ ਗਿਆਤਾ ਸ. ਰਘਬੀਰ ਸਿੰਘ ਭਰਤ ਜੀ ਦੇ ਅਚਨਚੇਤ ਦੇਹਾਂਤ ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਉਹ ਸਹਿਜਵੰਤੇ ਕਲਮੀ ਯੋਧੇ ਸਨ ਜਿੰਨ੍ਹਾਂ ਨੇ ਮਾਛੀਵਾੜਾ ਸਾਹਿਬ ਵਿੱਚ ਪੂਰੀ ਉਮਰ ਅਧਿਆਪਨ ਕਾਰਜ ਤੇ ਸਮਾਜ ਸੇਵਾ ਵਿੱਚ ਗੁਜ਼ਾਰ ਕੇ ਨਾਮਣਾ ਖੱਟਿਆ। ਉਨ੍ਹਾਂ ਸੁਰਜੀਤ ਖੁਰਸ਼ੀਦੀ , ਬਲਦੇਵ ਪਵਾਰ, ਹਰਜੀਤ ਸਿੰਘ ਮਾਂਗਟ ਤੇ ਤੇਲੂ ਰਾਮ ਕੋਹਾੜਾ ਜੀ ਨਾਲ ਮਿਲ ਕੇ ਸਾਹਿੱਤ ਸਭਾ ਮਾਛੀਵਾੜਾ ਦੀ ਸਥਾਪਨਾ ਕੀਤੀ।

ਉਨ੍ਹਾਂ ਦੇ ਕੀਤੇ ਵੱਡੇ ਕਾਰਜਾਂ ਵਿੱਚ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਮੌਲਾ ਬਖਸ਼ ਕੁਸ਼ਤਾ ਦੀ ਵੱਡ ਆਕਾਰੀ ਪੁਸਤਕ " ਪੰਜਾਬੀ ਸ਼ਾਇਰਾਂ ਦਾ ਤਜ਼ਕਰਾ" ਤੇ ਪੋਠੋਹਾਰੀ ਲੋਕ ਗੀਤਾਂ ਦੀ ਖੋਜ ਪੁਸਤਕ "ਬਨ ਫੁਲਵਾੜੀ" (ਲੇਖਕ ਜਨਾਬ ਅਫਜ਼ਲ ਪਰਵੇਜ਼) ਦਾ ਲਿਪੀਅੰਤਰਣ ਹੈ। ਮੈਨੂੰ ਮਾਣ ਹੈ ਕਿ ਇਹ ਦੋਵੇਂ ਕਾਰਜ ਉਨ੍ਹਾਂ ਮੇਰੀ ਬੇਨਤੀ ਨੂੰ ਪ੍ਰਵਾਨ ਕਰਕੇ ਨੇਪਰੇ ਚਾੜ੍ਹੇ। ਹੋਰ ਵੀ ਉਦਾਸ ਕਰਨ ਵਾਲੀ ਗੱਲ ਇਹ ਹੈ ਕਿ ਸੁਰਗਵਾਸ ਹੋਣ ਵਾਲੀ ਰਾਤ ਤੋਂ ਕੁਝ ਘੰਟੇ ਪਹਿਲਾਂ ਮਾਛੀਵਾੜਾ ਸਾਹਿਬ ਵਿਖੇ ਸਾਡੇ ਨਾਲ ਪੂਰਾ ਦਿਨ ਰਹੇ। ਬਨ ਫੁਲਵਾੜੀ ਕਿਤਾਬ ਦੀਆਂ ਦਸ ਕਾਪੀਆਂ ਵੀ ਪੰਜਾਬੀ ਸਾਰਿੱਤ ਅਕਾਡਮੀ ਲੁਧਿਆਣਾ ਪਾਸੋਂ ਲੈ ਕੇ ਸਹਿਜਪ੍ਰੀਤ ਸਿੰਘ ਮਾਂਗਟ, ਤ੍ਰੈਲੋਚਨ ਲੋਚੀ ਤੇ ਪ੍ਰੋ ਰਵਿੰਦਰ ਭੱਠਲ ਨਾਲ ਮਿਲ ਕੇ ਅਸਾਂ ਹੀ ਉਨ੍ਹਾਂ ਨੂੰ ਸੌਂਪੀਆਂ।

ਸੁਰਗਵਾਸ ਹੋਣ ਤੋਂ ਅਗਲੀ ਸਵੇਰ ਉਨ੍ਹਾਂ ਪੰਜਾਬੀ ਭਵਨ ਲੁਧਿਆਣਾ ਵਿੱਚ ਇਸ ਕਿਤਾਬ ਦੇ ਲੋਕ ਅਰਪਣ ਲਈ ਆਉਣਾ ਸੀ।

ਭਰਤ ਜੀ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 25ਅਕਤੂਬਰ ਦੁਪਹਿਰ 12 ਵਜੇ ਤੋਂ ਇਕ ਵਜੇ ਵਿਚਕਾਰ ਗੁਰਦੁਆਰਾ ਮਹੰਤ ਗੁਲਾਬ ਸਿੰਘ ਗਲੀ ਨੰਬਰ ਇੱਕ ਨੇੜੇ ਨਬੀ ਖਾਂ ਗਨੀ ਖਾਂ ਗੇਟ ਮਾਛੀਵਾੜਾ ਸਾਹਿਬ (ਲੁਧਿਆਣਾ)ਵਿਖੇ ਹੋਵੇਗੀ।

ਪੰਜਾਬੀ ਸਾਹਿੱਤ ਅਕਾਡਮੀ ਵੱਲੋਂ ਉਨ੍ਹਾਂ ਦੀ ਲਿਪੀਅੰਤਰਿਤ ਪੁਸਤਕ ਬਨ ਫੁਲਵਾੜੀ ਉਨ੍ਹਾਂ ਨਮਿਤ ਹਾਜ਼ਰ ਲੇਖਕਾਂ ਜਨਰਲ ਸਕੱਤਰ ਡਾ. ਗੁਲਜ਼ਾਰ ਪੰਧੇਰ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਹਰਮੀਤ ਵਿਦਿਆਰਥੀ, ਰਮਨ ਸੰਧੂ, ਸਹਿਜਪ੍ਰੀਤ ਸਿੰਘ ਮਾਂਗਟ, ਡਾ.ਤਰਸਪਾਲ ਕੌਰ, ਰਣਜੀਤ ਕੌਰ ਸਵੀ, ਕੁਲਵਿੰਦਰ ਵਿਰਕ, ਸਿਮਰਨ ਅਕਸ, ਕੁਲਵਿੰਦਰ ਕੁੱਲਾ,ਨਵਤੇਜ ਗੜ੍ਹਦੀਵਾਲਾ, ਮਨਜਿੰਦਰ, ਸੁਰਿੰਦਰਦੀਪ, ਇੰਦਰਜੀਤ ਪਾਲ ਕੌਰ ਭਿੰਡਰ, ਬਲਵਿੰਦਰ ਗਲੈਕਸੀ , ਡਾ਼ ਜਗਵਿੰਦਰ ਜੋਧਾ,ਮਨਦੀਪ ਔਲਖ ਸਮੇਤ ਹਾਜ਼ਰ ਲੇਖਕਾਂ ਨੇ ਲੋਕ ਅਰਪਣ ਕੀਤੀ।

ਇਸ ਮੌਕੇ ਸ. ਰਘਬੀਰ ਸਿੰਘ ਭਰਤ, ਇੰਗਲੈਂਡ ਵਾਸੀ ਉੱਘੇ ਲੇਖਕ ਗੁਰਨਾਮ ਢਿੱਲੋਂ, ਡਾ. ਸ਼ਿੰਦਰਪਾਲ ਸਿੰਘ ਦੇ ਹੋਣਹਾਰ ਜਵਾਨ ਸਪੁੱਤਰ ਸ਼ਰਨਜੀਤ ਸਿੰਘ ਜਿੰਮੀ ਦੀ ਬੇਵਕਤ ਮੌਤ 'ਤੇ ਦੁੱਖ ਪ੍ਰਗਟ ਕੀਤਾ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਅਕਾਡਮੀ ਦੇ ਸਰਪ੍ਰਸਤ ਸ. ਚਰਨਜੀਤ ਸਿੰਘ ਯੂ ਐੱਸ ਏ,ਅਸ਼ਵਨੀ ਜੇਤਲੀ ,ਡਾ. ਗੁਰਇਕਬਾਲ ਸਿੰਘ, ਜਨਮੇਜਾ ਜੌਹਲ, ਡਾ. ਜਗਵਿੰਦਰ ਜੋਧਾ, ਅਮਰਜੀਤ ਸ਼ੇਰਪੁਰੀ, ਸਹਿਜਪ੍ਰੀਤ ਸਿੰਘ ਮਾਂਗਟ, ਤ੍ਰੈਲੋਚਨ ਲੋਚੀ,ਅਜੀਤ ਪਿਆਸਾ, ਮੇਜਰ ਸਿੰਘ ਛੀਨਾ, ਹਰਬੰਸ ਸਿੰਘ ਅਖਾੜਾ, ਪ੍ਰਭਜੋਤ ਸੋਹੀ,ਡਾ. ਕੰਵਲ ਢਿੱਲੋਂ, ਡਾ. ਸੋਮਪਾਲ ਹੀਰਾ,ਭਗਵਾਨ ਢਿੱਲੋਂ ਸੁਰਿੰਦਰਦੀਪ, ਡਾ. ਬਲਵਿੰਦਰ ਸਿੰਘ ਔਲਖ ਗਲੈਕਸੀ, ਤਰਲੋਚਨ ਝਾਂਡੇ, ਨੇਤਰ ਸਿੰਘ ਮੁੱਤੋ, ਰਜਿੰਦਰ ਵਰਮਾ,ਹਰਬਖਸ਼ ਸਿੰਘ ਗਰੇਵਾਲ, , ਪਰਵਿੰਦਰ ਸਿੰਘ ਕਲਸੀ, ,ਮੇਜਰ ਸਿੰਘ ,ਡਾ.ਸੋਮਪਾਲ ਹੀਰਾ, ਸੰਧੇ ਸੁਖਬੀਰ, ਪ੍ਰੀਤ ਬਾਠ,ਮੇਜਰ ਸਿੰਘ ਸਿਆੜ੍ਹ ਵੀ ਹਾਜ਼ਰ ਸਨ।

## ਪੀ.ਏ.ਯੂ. ਦੇ ਵਾਈਸ ਚਾਂਸਲਰ ਵੱਲੋਂ 'ਖੇਤੀ ਸੰਦੇਸ਼' ਵਿੱਚ ਆਡੀਓ ਸਹੂਲਤ ਦੀ ਸ਼ੁਰੂਆਤ; ਹੁਣ ਕਿਸਾਨ ਸੁਣ ਵੀ ਸਕਣਗੇ ਖੇਤੀ ਮਾਹਿਰਾਂ ਦੀਆਂ ਸਲਾਹਾਂ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 23 ਅਕਤੂਬਰ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.), ਲੁਧਿਆਣਾ ਨੇ ਕਿਸਾਨਾਂ ਤੱਕ ਖੇਤੀਬਾੜੀ ਨਾਲ ਜੁੜੀ ਵਿਗਿਆਨਕ ਜਾਣਕਾਰੀ ਪਹੁੰਚਾਉਣ ਲਈ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਆਪਣੇ ਹਫ਼ਤਾਵਾਰੀ ਡਿਜੀਟਲ ਰਸਾਲੇ ਖੇਤੀ ਸੰਦੇਸ਼ ਦੇ ਪੰਜਾਬੀ ਅੰਕ ਵਿੱਚ ਆਡੀਓ ਸੁਣਨ ਦੀ ਸਹੂਲਤ ਸ਼ੁਰੂ ਕੀਤੀ ਹੈ। ਹੁਣ ਕਿਸਾਨ ਰਸਾਲੇ ਦੇ ਕਿਸੇ ਵੀ ਲੇਖ ਨੂੰ ਪੜ੍ਹਨ ਦੀ ਬਜਾਏ ਸੁਣ ਵੀ ਸਕਣਗੇ। ਇਸ ਲਈ ਲੇਖ ਵਾਲੇ ਪੰਨੇ ਦੇ ਉੱਪਰ ਸੱਜੇ ਪਾਸੇ ਦਿੱਤੇ ਆਡੀਓ ਬਟਨ ਨੂੰ ਇੱਕ ਵਾਰ ਦੱਬਣਾ ਪਵੇਗਾ। ਇਸ ਸਹੂਲਤ ਦਾ ਮਕਸਦ ਖੇਤੀਬਾੜੀ ਨਾਲ ਜੁੜੀ ਵਿਗਿਆਨਕ ਜਾਣਕਾਰੀ ਹਰ ਕਿਸਾਨ ਤੱਕ ਆਸਾਨੀ ਨਾਲ ਪਹੁੰਚਾਉਣਾ ਹੈ, ਖ਼ਾਸ ਕਰਕੇ ਉਨ੍ਹਾਂ ਕਿਸਾਨਾਂ ਤੱਕ, ਜਿਨ੍ਹਾਂ ਨੂੰ ਪੜ੍ਹਨ ਦੀ ਬਜਾਏ ਸੁਣਨਾ ਵਧੇਰੇ ਸੌਖਾ ਲੱਗਦਾ ਹੈ ਜਾਂ ਜੋ ਖੇਤਾਂ ਵਿੱਚ ਕੰਮ ਕਰਦੇ ਹੋਣ ਕਾਰਨ ਬੈਠ ਕੇ ਰਸਾਲਾ ਨਹੀਂ ਪੜ੍ਹ ਸਕਦੇ।

ਖੇਤੀ ਸੰਦੇਸ਼ ਹੁਣ ਵੱਖ-ਵੱਖ ਡਿਜੀਟਲ ਮਾਧਿਅਮਾਂ ਰਾਹੀਂ ਲੱਖਾਂ ਕਿਸਾਨਾਂ ਅਤੇ ਹੋਰ ਸਬੰਧਤ ਲੋਕਾਂ ਤੱਕ ਪਹੁੰਚ ਰਿਹਾ ਹੈ। ਖੇਤੀ ਸੰਦੇਸ਼ ਦੇ ਅੰਗਰੇਜ਼ੀ ਅੰਕ ਨੇ ਵੀ ਆਪਣਾ ਪਹਿਲਾ ਸਾਲ ਪੂਰਾ ਕਰ ਲਿਆ ਹੈ। ਇਸ ਦੌਰਾਨ ਪੀ.ਏ.ਯੂ. ਦੇ 411 ਵਿਗਿਆਨੀਆਂ ਵੱਲੋਂ ਖੇਤੀਬਾੜੀ ਦੇ ਵੱਖ-ਵੱਖ ਵਿਸ਼ਿਆਂ ਅਤੇ ਨਵੀਆਂ ਚੁਣੌਤੀਆਂ ਬਾਰੇ 214 ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਅੰਗਰੇਜ਼ੀ ਅੰਕ ਨੂੰ ਦੇਸ਼ ਦੀਆਂ ਸਾਰੀਆਂ ਖੇਤੀਬਾੜੀ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ, ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.), ਪੰਜਾਬ ਦੇ ਡਿਪਟੀ ਕਮਿਸ਼ਨਰਾਂ, ਪੀ.ਏ.ਯੂ. ਦੇ ਸਾਬਕਾ ਵਿਗਿਆਨੀਆਂ, ਖੇਤੀਬਾੜੀ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਨਾਲ ਵੀ ਸਾਂਝਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪੀ.ਏ.ਯੂ. ਦੀ ਖੋਜ ਅਤੇ ਵਿਗਿਆਨਕ ਜਾਣਕਾਰੀ ਖੇਤੀਬਾੜੀ ਨਾਲ ਜੁੜੇ ਅਹਿਮ ਅਦਾਰਿਆਂ ਤੱਕ ਵੀ ਪਹੁੰਚ ਰਹੀ ਹੈ।

ਅੱਜ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਵਿੰਦਰ ਸਿੰਘ ਧਾਲੀਵਾਲ ਨੇ ਖੇਤੀ ਸੰਦੇਸ਼ ਦੇ ਨਵੇਂ ਅੰਕ ਜਾਰੀ ਕੀਤੇ। ਇਸ ਮੌਕੇ ਉਨ੍ਹਾਂ ਨੇ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ, "ਤਕਨਾਲੋਜੀ ਦਾ ਵਿਕਾਸ ਅਤੇ ਪਸਾਰ ਕਿਸਾਨਾਂ ਦੀ ਸਹੂਲਤ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਹੋਣੀ ਚਾਹੀਦੀ ਹੈ। ਖੇਤੀ ਸੰਦੇਸ਼ ਵਿੱਚ ਆਡੀਓ ਸਹੂਲਤ ਦੀ ਸ਼ੁਰੂਆਤ, ਪੀਏਯੂ ਦੇ ਡਿਜੀਟਲ ਪਸਾਰ ਕਾਰਜਾਂ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਖੋਜ ਪ੍ਰਯੋਗਸ਼ਾਲਾਵਾਂ ਤੋਂ ਖੇਤਾਂ ਤੱਕ ਪਹੁੰਚਾਉਣ ਵਿੱਚ ਮਦਦ ਕਰੇਗਾ। ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰ ਕਿਸਾਨ, ਭਾਵੇਂ ਉਸ ਦੀ ਪੜ੍ਹਨ-ਲਿਖਣ ਦੀ ਸਮਰੱਥਾ ਕੋਈ ਵੀ ਹੋਵੇ, ਭਰੋਸੇਯੋਗ ਵਿਗਿਆਨਕ ਜਾਣਕਾਰੀ ਆਸਾਨੀ ਨਾਲ ਹਾਸਲ ਕਰ ਸਕੇ।"

ਪੀ.ਏ.ਯੂ. ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਿਹਾ, "ਸਮੇਂ ਸਿਰ ਅਤੇ ਭਰੋਸੇਯੋਗ ਜਾਣਕਾਰੀ ਕਿਸਾਨਾਂ ਲਈ ਸਭ ਤੋਂ ਵਧੇਰੇ ਅਹਿਮ ਹੈ। ਆਡੀਓ ਸਹੂਲਤ ਨਾਲ ਅਸੀਂ ਉਨ੍ਹਾਂ ਕਿਸਾਨਾਂ ਤੱਕ ਵੀ ਪਹੁੰਚ ਸਕਾਂਗੇ, ਜਿਨ੍ਹਾਂ ਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ। ਇਸ ਨਾਲ ਖੇਤੀਬਾੜੀ ਸਬੰਧੀ ਸਲਾਹ ਹਰ ਵਰਗ ਦੇ ਕਿਸਾਨ ਲਈ ਵਧੇਰੇ ਸੁਖਾਲੀ ਅਤੇ ਲਾਹੇਵੰਦ ਬਣੇਗੀ।"

ਪੀ.ਏ.ਯੂ. ਦੇ ਵਧੀਕ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਕਿਹਾ, "ਇੱਕ ਸਾਲ ਦੇ ਅੰਦਰ ਖੇਤੀ ਸੰਦੇਸ਼ ਦੇ ਅੰਗਰੇਜ਼ੀ ਅੰਕ ਨੇ ਪੀ.ਏ.ਯੂ. ਦੇ ਵਿਗਿਆਨੀਆਂ ਅਤੇ ਵਿਆਪਕ ਖੇਤੀਬਾੜੀ ਭਾਈਚਾਰੇ ਵਿਚਕਾਰ ਇੱਕ ਭਰੋਸੇਯੋਗ ਕੜੀ ਵਜੋਂ ਆਪਣੀ ਪਛਾਣ ਬਣਾਈ ਹੈ। ਅਸੀਂ ਖੇਤੀ ਤਕਨੀਕਾਂ ਦੇ ਪਸਾਰ ਨੂੰ ਕਿਸਾਨਾਂ ਲਈ ਹੋਰ ਵੀ ਲਾਹੇਵੰਦ ਬਣਾਉਣ ਦੇ ਯਤਨ ਜਾਰੀ ਰੱਖਾਂਗੇ।"

ਇਸ ਮੌਕੇ ਪੀ.ਏ.ਯੂ. ਦੇ ਵਾਈਸ ਚਾਂਸਲਰ ਅਤੇ ਹੋਰ ਉੱਚ ਅਧਿਕਾਰੀਆਂ ਨੇ ਖੇਤੀ ਸੰਦੇਸ਼ ਨੂੰ ਲਗਾਤਾਰ ਬਿਹਤਰ ਬਣਾਉਣ ਅਤੇ ਡਿਜੀਟਲ ਯੁੱਗ ਵਿੱਚ ਇਸ ਦੀ ਪਹੁੰਚ ਵਧਾਉਣ ਲਈ ਇਸ ਦੇ ਸੰਪਾਦਕਾਂ ਡਾ. ਗੁਰਪ੍ਰੀਤ ਸਿੰਘ ਮੱਕੜ, ਪ੍ਰਿੰਸੀਪਲ ਪਸਾਰ ਵਿਗਿਆਨੀ (ਕੀਟ ਵਿਗਿਆਨ) ਅਤੇ ਇੰਚਾਰਜ, ਪਲਾਂਟ ਕਲੀਨਿਕ, ਪੀ.ਏ.ਯੂ., ਅਤੇ ਡਾ. ਕੁਲਵਿੰਦਰ ਕੌਰ ਗਿੱਲ, ਪ੍ਰਿੰਸੀਪਲ ਖੇਤੀ ਮੌਸਮ ਵਿਗਿਆਨੀ, ਪੀ.ਏ.ਯੂ. ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਜਾਗੋ ਇੰਟਰਨੈਸ਼ਨਲ ਡਾ. ਸੁਰਿੰਦਰ ਕਾਹਲੋਂ ਵਿਸ਼ੇਸ਼ ਅੰਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਗੁਰਨਾਮ ਸਿੰਘ



ਲੁਧਿਆਣਾ 23 ਅਕਤੂਬਰ : ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਮਾਜਕ ਸੰਦਰਭਾਂ ਬਾਰੇ ਬਾਹਰਮੁਖੀ ਪਹੁੰਚ ਰੱਖਦੇ ਪਰਚੇ 'ਜਾਗੋ ਇੰਟਰਨੈਸ਼ਨਲ' ਦਾ ਡਾ. ਸੁਰਿੰਦਰ ਕਾਹਲੋਂ ਵਿਸ਼ੇਸ਼ ਅੰਕ (ਅਪ੍ਰੈਲ 2026— ਜੂਨ 2027) ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਮਾਨ ਹਾਊਸ ਸੰਗਰੂਰ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਤੇਜਵੰਤ ਮਾਨ ਸਾਹਿਤ ਰਤਨ, ਮੁੱਖ ਮਹਿਮਾਨ ਸੁਰਿੰਦਰ ਕਾਹਲੋਂ ਉਚੇਚਾ ਗੁਰਦਾਸਪੁਰ ਤੋਂ ਆਏ। ਵਿਸ਼ੇਸ਼ ਮਹਿਮਾਨ ਪ੍ਰੀਤਮ ਸਿੰਘ ਜੌਹਲ ਏ.ਡੀ.ਸੀ. (ਰਿ.) ਤੇ ਮਨਭਾਵਨ ਕਾਹਲੋਂ ਗੁਰਦਾਸਪੁਰ ਸਨ।

ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਭਗਵੰਤ ਸਿੰਘ ਸ਼ਾਮਲ ਹੋਏ। ਇਸ ਵੱਡ—ਅਕਾਰੀ ਅੰਕ ਵਿੱਚ ਡਾ. ਸੁਰਿੰਦਰ ਕਾਹਲੋਂ ਦੀ ਸਿਰਜਣਾ ਦੇ ਹਰ ਪੱਖ ਦਾ ਗੰਭੀਰ ਵਿਸ਼ਲੇਸ਼ਣ ਕਰਦੇ ਚਾਰ ਦਰਜਨ ਤੋਂ ਵੱਧ ਵਿਦਵਾਨਾਂ ਦੇ ਖੋਜ ਪੱਤਰ ਸ਼ਾਮਲ ਹਨ। ਡਾ. ਤੇਜਵੰਤ ਮਾਨ ਨੇ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਕਿਹਾ ਕਿ 'ਜਿੱਥੇ ਗਿਆਨ ਨੂੰ ਵੰਡਣਾ ਪੁਰਸ਼ਾਰਥ ਕਾਰਜ ਹੈ, ਉਥੇ ਪੁਸਤਕਾਂ ਦਾ ਲਾਇਬ੍ਰੇਰੀਆਂ ਵਿੱਚ ਪਹੁੰਚਣਾ ਬਹੁਤ ਜਰੂਰੀ ਹੈ। ਡਾ. ਕਾਹਲੋਂ ਅੱਧੀ ਸਦੀ ਤੋਂ ਪੁਸਤਕਾਂ ਦੇ ਰਾਹੀਂ ਗਿਆਨ ਦਾ ਚਾਨਣ ਫੈਲਾਅ ਰਹੇ ਹਨ ਅਤੇ ਜਾਗੋ ਇੰਟਰਨੈਸ਼ਨਲ ਪਿਛਲੇ 20 ਸਾਲਾਂ ਤੋਂ ਪ੍ਰਤੀਬੱਧਤਾ ਸਹਿਤ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਪ੍ਰਚਾਰ ਕਰ ਰਿਹਾ ਹੈ।' ਡਾ. ਕਾਹਲੋਂ ਨੇ ਆਪਣੇ ਭਾਵ ਪ੍ਰਗਟ ਕਰਦੇ ਹੋਏ ਕਿਹਾ ਕਿ ਜਾਗੋ ਵਰਗੇ ਮਿਆਰੀ ਪਰਚੇ ਦਾ ਵਿਸ਼ੇਸ਼ ਅੰਕ ਉਨ੍ਹਾਂ ਦੀ ਜਿੰਦਗੀ ਦਾ ਹਾਸਲ ਪੱਖ ਹੈ। ਉਨ੍ਹਾਂ ਨੇ ਮਾਲਵਾ ਰਿਸਰਚ ਸੈਂਟਰ ਦਾ ਧੰਨਵਾਦ ਵੀ ਕੀਤਾ।

ਡਾ. ਪ੍ਰੀਤਮ ਸਿੰਘ ਜੌਹਲ, ਮਨਭਾਵਨ ਕਾਹਲੋਂ, ਡਾ. ਭਗਵੰਤ ਸਿੰਘ, ਨਿਹਾਲ ਸਿੰਘ ਮਾਨ ਨੇ ਆਪਣ ਵਿਚਾਰ ਪੇਸ਼ ਕੀਤੇ। ਬਲਜਿੰਦਰ ਈਲਵਾਲ, ਜਗਦੀਪ ਗੁੱਜਰਾਂ, ਅਨੋਖ ਸਿੰਘ ਵਿਰਕ ਨੇ ਅਮਰ ਗਰਗ ਕਲਮਦਾਨ ਨੇ ਭਾਵਪੂਰਤ ਰਚਨਾਵਾਂ ਦੇ ਹਵਾਲੇ ਨਾਲ ਪਰਚੇ ਬਾਰੇ ਵਿਚਾਰ ਪੇਸ਼ ਕੀਤੇ। ਗੁਰਨਾਮ ਸਿੰਘ ਨੇ ਮੰਚ ਸੰਚਾਲਨਾ ਕੀਤੀ ਅਤੇ ਅਨੋਖ ਸਿੰਘ ਵਿਰਕ ਨੇ ਧੰਨਵਾਦੀ ਮਤਾ ਪੇਸ਼ ਕੀਤਾ। ਇਸ ਮੌਕੇ ਤੇ ਜਗਦੀਪ ਸਿੰਘ ਡਾ. ਰਾਜੀਵ ਪੁਰੀ ਅਵਤਾਰ ਸਿੰਘ, ਸੰਦੀਪ, ਚਰਨਜੀਤ ਸਿੰਘ, ਹਰਵਿੰਦਰ ਸਿੰਘ, ਦੀਪਕ ਕੁਮਾਰ, ਰਾਜ ਕੁਮਾਰ, ਗੁਰਜੰਟ ਸਿੰਘ, ਹਰਪਾਲ ਸਿੰਘ ਅਨੇਕਾਂ ਚਿੰਤਕ ਹਾਜਰ ਸਨ। ਡਾ. ਤੇਜਵੰਤ ਮਾਨ ਤੇ ਡਾ. ਸੁਰਿੰਦਰ ਕਾਹਲੋਂ ਤੇ ਸਾਹਿਤਕਾਰਾਂ ਦਾ ਸਨਮਾਨ ਕੀਤਾ ਗਿਆ।

## ਫੌਜ, ਨੀਮ ਫੌਜੀ ਬਲਾਂ ਅਤੇ ਪੁਲਿਸ ਵਿੱਚ ਭਰਤੀ ਹੋਣ ਲਈ ਸਿਖਲਾਈ ਕੋਰਸ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 23 ਅਕਤੂਬਰ:ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ. ਬਲਜਿੰਦਰ ਵਿਰਕ (ਰਿਟਾ.) ਨੇ ਦੱਸਿਆ ਕਿ ਵਿਭਾਗ ਦੇ ਪ੍ਰੀ-ਰਿਕਰੂਟਮੈਂਟ ਸੈਂਟਰ ਵਿਖੇ ਫੌਜ ਅਤੇ ਨੀਮ ਫੌਜੀ ਬਲਾਂ ਵਿਚ ਭਰਤੀ ਹੋਣ ਲਈ ਕੇਵਲ ਪੰਜਾਬ ਦੇ ਬੱਚਿਆ ਲਈ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੋਰਸ ਮਿਤੀ 02/11/2026ਤੋਂ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦਾ ਮੰਤਵ ਸੈਨਾ ਵਿਚ ਸੇਵਾ ਕਰ ਰਹੇ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਬਾਕੀ ਸ਼੍ਰੇਣੀਆਂ ਦੇ ਬੱਚਿਆਂ ਨੂੰ ਫੌਜ, ਨੀਮ ਫੌਜੀ ਬਲਾਂ ਅਤੇ ਪੁਲਿਸ ਵਿੱਚ ਭਰਤੀ ਹੋਣ ਲਈ ਯੋਗ ਬਣਾਉਣਾ ਹੈ। ਇਹ ਕੋਰਸ 45 ਦਿਨ ਦਾ ਹੋਵੇਗਾ। ਜਿਸ ਦੌਰਾਨ ਵਿਦਿਆਰਥੀਆਂ ਨੂੰ ਸਰੀਰਕ ਤੌਰ ਤੇ ਭਰਤੀ ਹੋਣ ਲਈ ਲੋੜੀਦੇਂ ਮਿਆਰ ਲਈ ਤਿਆਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਹਨਾ ਨੂੰ ਲਿਖਤੀ ਇਮਤਿਹਾਨ ਦੀ ਤਿਆਰੀ ਵੀ ਕਰਵਾਈ ਜਾਵੇਗੀ। ਫੌਜ ਵਿੱਚ ਸਿਪਾਹੀ ਦੀ ਭਰਤੀ ਲਈ ਉਮੀਦਵਾਰ ਦੀ ਉਮਰ 17-1/2 ਤੋਂ 22 ਸਾਲ, ਕੱਦ 170 ਸੈਂਟੀਮੀਟਰ, ਛਾਤੀ 77 ਤੋਂ 82 ਸੈਂਟੀਮਿਟਰ ਅਤੇ ਵਜਨ 50 ਕਿੱਲੋ ਹੋਣਾ ਚਾਹੀਦਾ ਹੈ ਅਤੇ ਉਮੀਦਵਾਰ ਦਸਵੀਂ ਕਲਾਸ ਵਿੱਚ ਕੁੱਲ 45%ਅਤੇ ਹਰੇਕ ਵਿਸ਼ੇ ਵਿੱਚ 33% ਨੰਬਰਾਂ ਨਾਲ ਪਾਸ ਹੋਣ ਜ਼ਰੂਰੀ ਹੈ। ਕਲਰਕ/ਐਸ.ਕੇ.ਟੀ ਦੀ ਭਰਤੀ ਲਈ ਉਮੀਦਵਾਰਾਂ ਦੀ ਉਮਰ 17-1/2 ਤੋਂ 22 ਸਾਲ ਦੇ ਵਿਚਕਾਰ ਅਤੇ ਕੱਦ ਘੱਟੋਂ ਘੱਟ 162 ਸੈਟੀਮੀਟਰ ਹੋਣਾ ਜ਼ਰੂਰੀ ਹੈ। ਅੰਗਰੇਜ਼ੀ ਅਤੇ ਗਣਿਤ/ਅਕਾਊਂਟਿੰਗ/ਬੁਕ ਕੀਪਿੰਗ ਵਿਸ਼ਿਆਂ ਵਿਚ 50% ਨੰਬਰਾ ਨਾਲ ਪਾਸ ਹੋਣਾ ਜ਼ਰੂਰੀ ਹੈ। ਚਾਹਵਾਨ ਉਮੀਦਵਾਰ ਆਪਣੇ ਪੜ੍ਹਾਈ ਦੇ ਸਰਟਿਫਿਕੇਟ, ਪਾਸਪੋਰਟ ਸਾਇਜ਼ ਫੋਟੋ, ਡਿਸਾਚਾਰਜ ਬੁੱਕ (ਕੇਵਲ ਸਾਬਕਾ ਸੈਨਿਕਾਂ ਦੇ ਬੱਚਿਆਂ ਲਈ) ਅਤੇ ਐਸ.ਸੀ ਜਾਤੀ ਦੇ ਉਮੀਦਵਾਰ ਆਪਣਾ ਜਾਤੀ ਦਾ ਸਰਟੀਫਿਕੇਟ ਨਾਲ ਲੈ ਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਪਟਿਆਲਾ, ਨੇੜੇ ਰੇਲਵੇ ਸਟੇਸ਼ਨ, ਵਿਖੇ ਆਪਣੇ ਨਾਮ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਹਨਾ ਨੇ ਇਹ ਵੀ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਉਮੀਦਵਾਰ ਹੀ ਇਸ ਟ੍ਰੇਨਿੰਗ ਵਿਚ ਸ਼ਾਮਲ ਹੋ ਸਕਦੇ ਹਨ। ਪ੍ਰੀ-ਰਿਕਰੂਟਮੈਟ ਸੈਂਟਰ ਸਿਖਲਾਈ ਲਈ ਇੱਕ ਆਲ ਵੈਦਰ ਟਰੈਕ ਅਤ ਟ੍ਰੇਨਿੰਗ ਦੇ ਜਰੂਰੀ ਸਾਜੇ ਸਮਾਨ ਉਪਲੱਬਧ ਹਨ। ਵਧੇਰੇ ਜਾਣਕਾਰੀ ਲਈ ਫੋਨ ਨੰ. 0175-2361188, 9988411466 ਕਿਸੇ ਵੀ ਕੰਮ ਕਾਜ ਵਾਲੇ ਦਿਨ ਸੰਪਰਕ ਕਰ ਸਕਦੇ ਹਨ।

## ਪੀ.ਏ.ਯੂ. ਦੇ ਸਾਬਕਾ ਪ੍ਰੋਫੈਸਰ ਅਤੇ ਪੰਜਾਬੀ ਦੇ ਯੁੱਗ ਕਵੀ ਪ੍ਰੋ. ਮੋਹਨ ਸਿੰਘ ਦੀ ਯਾਦ ਵਿਚ ਵਿਸ਼ੇਸ਼ ਸਮਾਗਮ ਹੋਇਆ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 23 ਅਕਤੂਬਰ : ਬੀਤੇ ਦਿਨੀਂ ਪੀ.ਏ.ਯੂ. ਦੇ ਵਿਦਿਆਰਥੀ ਭਵਨ ਵਿਚ ਪੰਜਾਬੀ ਦੇ ਮਹਾਨ ਕਵੀ ਪ੍ਰੋ. ਮੋਹਨ ਸਿੰਘ ਦੇ 121ਵੇਂ ਜਨਮ ਦਿਨ ਦੇ ਸੰਬੰਧ ਵਿਚ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ| ਡਾਇਰੈਕਟੋਰੇਟ ਵਿਦਿਆਰਥੀ ਭਲਾਈ ਦੀ ਅਗਵਾਈ ਵਿਚ ਡਾ. ਸੁਰਜੀਤ ਪਾਤਰ ਚੇਅਰ ਵੱਲੋਂ ਆਯੋਜਿਤ ਇਸ ਸਮਾਰੋਹ ਵਿਚ ਪੀ.ਏ.ਯ. ਦੇ ਵਾਈਸ ਚਾਂਸਲਰ ਡਾ. ਹਰਵਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ| ਸਮਾਗਮ ਵਿਚ ਮੁੱਖ ਵਕਤਾ ਵਜੋਂ ਪੰਜਾਬੀ ਦੇ ਉੱਘੇ ਕਵੀ ਪ੍ਰੋ. ਗੁਰਭਜਨ ਗਿੱਲ ਨੇ ਹਾਜ਼ਰੀ ਭਰੀ| ਜਦਕਿ ਕਾਵਿ ਮਹਿਫਿਲ ਦੀ ਪ੍ਰਧਾਨਗੀ ਸ਼੍ਰੀ ਹਰਮੀਤ ਵਿਦਿਆਰਥੀ ਨੇ ਕੀਤੀ| ਇਸ ਤੋਂ ਬਿਨਾਂ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ, ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਕਮਲਜੀਤ ਸਿੰਘ ਸੂਰੀ, ਸੁਰਜੀਤ ਪਾਤਰ ਚੇਅਰ ਦੇ ਚੇਅਰਮੈਨ ਡਾ. ਨਿਰਮਲ ਜੌੜਾ ਅਤੇ ਨਿਰਦੇਸ਼ਕ ਸੱਭਿਆਚਾਰਕ ਗਤੀਵਿਧੀਆਂ ਡਾ. ਰੁਪਿੰਦਰ ਕੌਰ ਤੋਂ ਇਲਾਵਾ ਪੀ.ਏ.ਯੂ. ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਅਤੇ ਕਰਮਚਾਰੀਆਂ ਨਾਲ ਵਿਦਿਆਰਥੀ ਭਾਰੀ ਗਿਣਤੀ ਵਿਚ ਮੌਜੂਦ ਸਨ| ਵਾਈਸ ਚਾਂਸਲਰ ਡਾ. ਧਾਲੀਵਾਲ ਨੇ ਇਸ ਮੌਕੇ ਕਿਹਾ ਕਿ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀਆਂ ਵੱਡੀਆਂ ਹਸਤੀਆਂ ਪੀ.ਏ.ਯੂ. ਦਾ ਹਿੱਸਾ ਰਹੀਆਂ| ਪ੍ਰੋ. ਮੋਹਨ ਸਿੰਘ ਨੇ ਆਪਣੀ ਉਮਰ ਦਾ ਇਕ ਭਾਗ ਪੀ.ਏ.ਯੂ. ਵਿਚ ਸਾਹਿਤ ਸਿਰਜਣਾ ਕਰਦਿਆਂ ਅਤੇ ਆਪਣੀ ਵਿਦਵਤਾ ਦਾ ਚਾਨਣ ਵੰਡਦਿਆ ਬਿਤਾਇਆ| ਉਹਨਾਂ ਸਦਕਾ ਯੂਨੀਵਰਸਿਟੀ ਵਿਚ ਕਲਾਤਮਕ ਗਤੀਵਿਧੀਆਂ ਇਕ ਲੜੀ ਦਾ ਰੂਪ ਲੈ ਕੇ ਅੱਗੇ ਵਧੀਆਂ| ਡਾ. ਧਾਲੀਵਾਲ ਨੇ ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਕਵੀਆਂ ਅਤੇ ਵਿਦਵਾਨਾਂ ਦਾ ਸਵਾਗਤ ਕੀਤਾ|

ਪ੍ਰੋ. ਗੁਰਭਜਨ ਗਿੱਲ ਨੇ ਆਪਣੇ ਮੁੱਖ ਭਾਸ਼ਣ ਵਿਚ ਪ੍ਰੋ. ਮੋਹਨ ਸਿੰਘ ਦੀ ਸ਼ਖਸੀਅਤ ਅਤੇ ਸਿਰਜਣਾ ਬਾਰੇ ਵਿਸਥਾਰ ਨਾਲ ਗੱਲ ਕੀਤੀ| ਉਹਨਾਂ ਕਿਹਾ ਕਿ ਪ੍ਰੋ. ਮੋਹਨ ਸਿੰਘ ਦੀ ਨੇੜਤਾ ਆਪਣੇ ਆਪ ਵਿਚ ਗਿਆਨ ਦੇ ਮੀਨਾਰ ਦੀ ਪਰਿਕਰਮਾ ਵਾਂਗ ਸੀ| ਉਹ ਸਿਰ ਤੋਂ ਪੈਰਾਂ ਤੱਕ ਕਵੀ ਅਤੇ ਹਰ ਵੇਲੇ ਕਵਿਤਾ ਦੇ ਵਜਦ ਵਿਚ ਗੁੰਮੇ ਰਹਿਣ ਵਾਲੇ ਵਿਅਕਤੀ ਸਨ| ਪੀ.ਏ.ਯੂ. ਵਿਚ ਉਹਨਾਂ ਦਾ ਯੋਗਦਾਨ ਸਿਰਜਣਾਤਮਕ ਮਾਹੌਲ ਸਿਰਜਣ ਅਤੇ ਖੇਤੀ ਵਿਗਿਆਨ ਦੀ ਇਸ ਯੂਨੀਵਰਸਿਟੀ ਨੂੰ ਪੰਜਾਬੀਅਤ ਦੀ ਸੰਸਥਾ ਵਜੋਂ ਸਥਾਪਿਤ ਕਰਨ ਵਿੱਚੋਂ ਪਛਾਣਿਆ ਜਾ ਸਕਦਾ ਹੈ|

ਡਾ. ਨਿਰਮਲ ਜੌੜਾ ਨੇ ਸਵਾਗਤ ਦੇ ਸ਼ਬਦ ਬੋਲਦਿਆਂ ਸੁਰਜੀਤ ਪਾਤਰ ਚੇਅਰ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ| ਉਹਨਾਂ ਕਿਹਾ ਕਿ ਭਵਿੱਖ ਵਿਚ ਵੀ ਡਾ. ਪਾਤਰ ਦੇ ਪਦ ਚਿੰਨ੍ਹਾਂ ਨੂੰ ਗੂੜਾ ਕਰਨ ਲਈ ਹੋਰ ਸਮਾਗਮ ਆਯੋਜਿਤ ਕੀਤੇ ਜਾਣਗੇ| ਅੰਤ ਵਿਚ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਕਮਲਜੀਤ ਸਿੰਘ ਸੂਰੀ ਨੇ ਸਭ ਦਾ ਧੰਨਵਾਦ ਕੀਤਾ| ਸਮਾਰੋਹ ਦਾ ਸੰਚਾਲਨ ਡਾ. ਜਗਵਿੰਦਰ ਸਿੰਘ ਨੇ ਕੀਤਾ| ਇਸ ਮੌਕੇ ਤਰਸੇਮ ਨੂਰ, ਗੁਰਚਰਨ ਕੌਰ ਕੋਚਰ, ਰਾਮ ਸਿੰਘ, ਤਰਲੋਚਨ ਲੋਚੀ, ਮਨਜਿੰਦਰ ਧਨੋਆ, ਕੋਮਲਦੀਪ, ਰਮਨ ਸੰਧੂ, ਕੁਮਾਰ ਜਗਦੇਵ, ਸੰਦੀਪ ਸ਼ਰਮਾ, ਸਹਿਜਪ੍ਰੀਤ ਮਾਂਗਟ, ਵਾਹਿਦ, ਪ੍ਰਭਜੋਤ ਸੋਹੀ, ਮਨਦੀਪ ਔਲਖ, ਗੁਰਪਿਆਰ, ਡਾ. ਬਿਕਰਮੀਤ ਨੇ ਆਪਣੀਆਂ ਰਚਨਾਵਾਂ ਦੀ ਛਹਿਬਰ ਲਾਈ| ਹੋਰਨਾਂ ਤੋਂ ਇਲਾਵਾ ਡਾ. ਅਸ਼ਵਨੀ ਭੱਲਾ, ਜਸਮੇਰ ਸਿੰਘ ਢੱਟ, ਅਪਮਿੰਦਰ ਪਾਲ ਬਰਾੜ, ਗੁਲਜ਼ਾਰ ਸਿੰਘ ਪੰਧੇਰ, ਡਾ. ਗੁਰਇਕਬਾਲ ਅਤੇ ਸ. ਇਕਬਾਲ ਸਿੰਘ ਇਸ ਮੌਕੇ ਮੌਜੂਦ ਸਨ|

## ਸੰਪੂਰਨ ਗੁਰਸਿੱਖ, ਤਿੰਨ ਉਲੰਪਿਕਸ ਦੋ ਗੋਲਡ ਮੈਡਲ ਜੇਤੂ ਹਾਕੀ ਖਿਡਾਰੀ ਸ. ਬਲਬੀਰ ਸਿੰਘ ਸੀਨੀਅਰ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਕਿਉਂ ਨਹੀਂ ਲੱਗ ਰਹੀ?



ਲੁਧਿਆਣਾ: 23 ਅਕਤੂਬਰ : ਸੰਪੂਰਨ ਗੁਰਸਿੱਖ, ਤਿੰਨ ਉਲੰਪਿਕਸ ਦੋ ਗੋਲਡ ਮੈਡਲ ਜੇਤੂ ਹਾਕੀ ਖਿਡਾਰੀ ਸ. ਬਲਬੀਰ ਸਿੰਘ ਸੀਨੀਅਰ ਦੀ ਤਸਵੀਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀਨ ਪ੍ਰਧਾਨ ਸ. ਗੋਬਿੰਦ ਸਿੰਘ ਲੌਂਗੋਵਾਲ ਦੇ ਐਲਾਨ ਦੇ ਬਾਵਜੂਦ ਵੀ ਅੱਜ ਤੀਕ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਕਿਉਂ ਨਹੀਂ ਲੱਗ ਸਕੀ? ਇਸ ਦਾ ਉੱਤਰ ਦੇਸ਼ ਬਦੇਸ਼ ਵਿੱਚ ਵੱਸਦੀਆਂ ਸਿੱਖ ਸੰਗਤਾਂ ਮੰਗਦੀਆਂ ਹਨ।

“ਗੋਲਡਨ ਹੈਟ ਟਰਿੱਕ” ਦੇ ਸਰਵੋਤਮ ਸਨਮਾਨ ਨਾਲ ਜਾਣੇ ਜਾਂਦੇ ਸ. ਬਲਬੀਰ ਸਿੰਘ ਸੀਨੀਅਰ ਦੀ ਜੀਵਨੀ ਲਿਖਣ ਵਾਲੇ ਖੇਡ ਲਿਖਾਰੀ ਪ੍ਰਿੰਸੀਪਲ ਸਰਵਣ ਸਿੰਘ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਵਰਤਮਾਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਜੀ ਨੂੰ ਅਪੀਲ ਕੀਤੀ ਹੈ ਕਿ ਇਸ ਮਾਣ ਮੱਤੇ ਸਿੱਖੀ ਸਰੂਪ ਵਾਲੇ ਖਿਡਾਰੀ ਦੀ ਤਸਵੀਰ ਤੁਰੰਤ ਕੇਂਦਰੀ ਸਿੱਖ ਅਜਾਇਬਘਰ ਵਿੱਚ ਸੁਸ਼ੋਭਿਤ ਕੀਤੀ ਜਾਵੇ। ਇਹ ਵੀ ਪਤਾ ਲੱਗਾ ਹੈ ਕਿ ਪਰਿਵਾਰ ਕੋਲੋਂ ਤਸਵੀਰ ਹਾਸਲ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੇਂਟਿੰਗ ਵੀ ਤਿਆਰ ਕਰਵਾ ਚੁੱਕੀ ਹੈ। ਇਹ ਸਭ ਕੁਝ ਲੋੜੀਂਦਾ ਮਤਾ ਪਾਸ ਹੋਣ ਤੋਂ ਮਗਰੋਂ ਹੀ ਕੀਤਾ ਗਿਆ ਸੀ।

ਸੂਚਨਾ ਹਿਤ ਦੱਸਿਆ ਜਾਂਦਾ ਹੈ ਕਿ 25 ਮਈ 2020 ਨੂੰ ਜਦੋਂ ਓਲੰਪਿਕ ਖੇਡਾਂ ਦੇ ਸਿਰਮੌਰ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਦਾ ਜਦ ਦੇਹਾਂਤ ਹੋਇਆ ਸੀ ਤਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੋਬਿੰਦ ਸਿੰਘ ਲੌਂਗੋਵਾਲ ਨੇ ਅਖ਼ਬਾਰਾਂ ਚ ਬਿਆਨ ਦਿੱਤਾ ਸੀ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਚ ਸਸ਼ੋਭਿਤ ਕੀਤਾ ਜਾਵੇਗਾ। ਬਲਬੀਰ ਸਿੰਘ ਨੇ ਹਾਕੀ ਦੀ ਖੇਡ ਦੇ ਨਾਲ-ਨਾਲ ਵਿਸ਼ਵ ਭਰ `ਚ ਸਿੱਖ ਸਰੂਪ ਦੀ ਪ੍ਰਦਰਸ਼ਨੀ ਕਰ ਕੇ ਸਿੱਖੀ ਦੀ ਵੀ ਸੇਵਾ ਕੀਤੀ ਹੈ। ਇਸ ਚਿੱਤਰ ਨਾਲ ਸਿੱਖ ਨੌਜੁਆਨਾਂ ਨੂੰ ਸਾਬਤ ਸਰੂਪ ਰਹਿਣ ਤੇ ਖੇਡਣ ਦੀ ਪ੍ਰੇਰਨਾ ਮਿਲੇਗੀ। ਬਲਬੀਰ ਸਿੰਘ ਦੀ ਸਪੁੱਤਰੀ ਬੀਬੀ ਸੁਸ਼ਬੀਰ ਕੌਰ ਵੱਲੋਂ ਲੋੜੀਂਦਾ ਚਿੱਤਰ ਸ਼੍ਰੋਮਣੀ ਕਮੇਟੀ ਨੂੰ ਪਹੁੰਚਾਇਆ ਹੋਇਐ ਪਰ ਉਹ ਅੱਜ ਤਕ ਵੀ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਸ਼ੋਭਿਤ ਨਹੀਂ ਕੀਤਾ ਗਿਆ ਜਦ ਕਿ ਲੌਂਗੋਵਾਲ ਜੀ ਦੇ ਬਿਆਨ ਤੋਂ ਬਾਅਦ ਕਈ ਹੋਰ ਵਿਅਕਤੀਆਂ ਦੇ ਚਿੱਤਰ ਸਸ਼ੋਭਿਤ ਕੀਤੇ ਜਾ ਚੁੱਕੇ ਹਨ ਪਰ ਚਿੱਠੀ ਪੱਤਰ ਕਰਨ ਦੇ ਬਾਵਜੂਦ ਬਲਬੀਰ ਸਿੰਘ ਦਾ ਚਿੱਤਰ ਹਾਲੇ ਤਕ ਵੀ ਸਜਾਇਆ ਨਹੀਂ ਕੀਤਾ ਗਿਆ।

ਏਥੇ ਇਹ ਦੱਸਣਾ ਯੋਗ ਹੋਵੇਗਾ ਕਿ ਪੰਜਾਬ ਸਰਕਾਰ ਨੇ ਆਪਣਾ ਫਰਜ਼ ਸਮਝਦਿਆਂ ਮੁਹਾਲੀ ਵਾਲੇ ਹਾਕੀ ਸਟੇਡੀਅਮ ਦਾ ਨਾਂ ‘ਸ. ਬਲਬੀਰ ਸਿੰਘ ਸੀਨੀਅਰ ਸਟੇਡੀਅਮ’ ਰੱਖ ਦਿੱਤਾ ਹੈ ਅਤੇ ਪੰਜਾਬ ਦੇ ਹੋਣਹਾਰ ਖਿਡਾਰੀਆਂ ਲਈ ‘ਬਲਬੀਰ ਸਿੰਘ ਸੀਨੀਅਰ ਵਜ਼ੀਫ਼ਾ ਸਕੀਮ’ ਸ਼ੁਰੂ ਕਰਨ ਦਾ ਵੀ ਫੈਸਲਾ ਕੀਤਾ ਹੈ।

ਬਲਬੀਰ ਸਿੰਘ ਬਾਰੇ ਵੀ ਸੰਖੇਪ ਜਾਣਕਾਰੀ ਦੇਂਦਿਆਂ ਪ੍ਰਿੰਸੀਪਲ ਸਰਵਣ ਸਿੰਘ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸ. ਬਲਬੀਰ ਸਿੰਘ ਸੀਨੀਅਰ ਦਾ ਜਨਮ 31 ਦਸੰਬਰ 1923 ਨੂੰ ਪਿੰਡ ਹਰੀਪੁਰ ਖ਼ਾਲਸਾ, ਤਹਿਸੀਲ ਫਿਲੌਰ (ਜਲੰਧਰ)ਵਿਖੇ ਸੁਤੰਤਰਤਾ ਸੰਗਰਾਮੀ ਗਿਆਨੀ ਦਲੀਪ ਸਿੰਘ ਦੇ ਘਰ ਹੋਇਆ ਸੀ ਜੋ ਬਾਅਦ ਵਿਚ ਮੋਗਾ ਵਿਖੇ ਅਧਿਆਪਕ ਵੀ ਰਹੇ। ਸ. ਬਲਬੀਰ ਸਿੰਘ ਨੇ ਮੋਗਾ ਤੋਂ ਹੀ ਹਾਕੀ ਖੇਡਣੀ ਸ਼ੁਰੂ ਕੀਤੀ ਜਿਸ ਕਰਕੇ ਮੋਗੇ ਵਾਲਾ ਬਲਬੀਰ ਵੀ ਕਿਹਾ ਜਾਂਦਾ ਰਿਹਾ। ਹਾਕੀ ਦੀ ਖੇਡ ਦੇ ‘ਗੋਲ ਕਿੰਗ’ ਨੇ ਓਲੰਪਿਕ ਖੇਡਾਂ ਚੋਂ ਤਿੰਨ ਗੋਲਡ ਮੈਡਲ ਜਿੱਤੇ ਤੇ ਉਸ ਨੂੰ ‘ਗੋਲਡਨ ਹੈਟ ਟ੍ਰਿਕ’ ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਸੈਮੀ ਫਾਈਨਲ ਤੇ ਫਾਈਨਲ ਮੈਚਾਂ ਚ ਭਾਰਤੀ ਟੀਮ ਦੇ ਕੁਲ 9 ਗੋਲਾਂ ਵਿਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦਾ ਅਜੇ ਤਕ ਰਿਕਾਰਡ ਹੈ। 1957 ਵਿਚ ਉਸ ਨੂੰ ਭਾਰਤੀ ਖਿਡਾਰੀਆਂ ਵਿਚੋਂ ਸਭ ਤੋਂ ਪਹਿਲਾਂ ਪਦਮ ਸ੍ਰੀ ਪੁਰਸਕਾਰ ਦਿੱਤਾ ਗਿਆ। ਉਹ ਹਾਕੀ ਖੇਡ ਕੇ, ਕੋਚਿੰਗ ਦੇ ਕੇ, ਮੈਨੇਜਰੀ ਕਰ ਕੇ, ਕੋਚਿੰਗ ਦੀ ਕਿਤਾਬ ਲਿਖ ਕੇ ਤੇ ਪੰਜਾਬ ਦਾ ਖੇਡ ਡਾਇਰੈਕਟਰ ਬਣ ਕੇ ਹਰ ਪੱਖੋਂ ਖੇਡਾਂ ਦੀ ਪ੍ਰਮੋਸ਼ਨ ਕਰਦਾ ਰਿਹਾ। ਭਾਰਤ ਨੇ ਓਲੰਪਿਕ ਖੇਡਾਂ ਚੋਂ ਹੁਣ ਤਕ ਹਾਕੀ ਦੇ ਅੱਠ ਗੋਲਡ ਮੈਡਲ ਜਿੱਤੇ ਹਨ ਪਰ ਹਾਕੀ ਦਾ ਵਿਸ਼ਵ ਕੱਪ ਇਕੋ ਵਾਰ ਜਿੱਤਿਆ ਜੋ 1975 ਵਿਚ ਕੁਆਲਾਲੰਪੁਰ ਖੇਡਿਆ ਗਿਆ। ਉਦੋਂ ਟੀਮ ਦਾ ਮੁੱਖ ਕੋਚ/ਮੈਨੇਜਰ ਬਲਬੀਰ ਸਿੰਘ ਹੀ ਸੀ ਜੋ 25 ਮਈ 2020 ਨੂੰ ਅਕਾਲ ਚਲਾਣਾ ਕਰ ਗਿਆ। 2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਮੌਕੇ ਜਿਹੜੇ 16 ‘ਆਈਕੋਨਿਕ ਓਲੰਪੀਅਨ’ ਚੁਣੇ ਗਏ, ਹਾਕੀ ਦਾ ਸਿਰਫ਼ ਉਹੀ ਇਕੋ-ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਤਾਂ ਉਸ ਨੂੰ ਓਲੰਪਿਕ ਰਤਨ ਬਣਾ ਹੀ ਦਿੱਤਾ ਹੈ, ਭਾਰਤ ਸਰਕਾਰ ਪਤਾ ਨਹੀਂ ਕਦੋਂ ਭਾਰਤ ਰਤਨ ਬਣਾਵੇ?

ਬਲਬੀਰ ਸਿੰਘ ਆਖ਼ਰੀ ਸਾਹਾਂ ਤਕ ਕਹਿੰਦਾ ਰਿਹਾ, “ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ!” ਗੋਲਡਨ ਗੋਲ ਤਾਂ ਕਦੋਂ ਦਾ ਹੋ ਚੁੱਕੈ। ਭਾਰਤ ਸਰਕਾਰ ਪਤਾ ਨਹੀਂ ਹੁਣ ਕਿਹੜੇ ‘ਗੋਲਡਨ ਗੋਲ’ ਦੀ ਉਡੀਕ ਵਿਚ ਹੈ? ਤੇ ਸਿੱਖਾਂ ਦੀ ਸਰਬਉੱਚ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਵੀ ਆਪਣੇ ਗੁਰਸਿੱਖ ਖਿਡਾਰੀ ਦਾ ਚਿੱਤਰ ਸਸ਼ੋਭਿਤ ਕਰਨ `ਚ ਹੁਣ ਕਾਹਦੀ ਉਡੀਕ ਹੈ?

ਸ. ਬਲਬੀਰ ਸਿੰਘ ਸੀਨੀਅਰ ਦੀ ਛੇਵੀਂ ਬਰਸੀ (25 ਮਈ 2023) ਵੀ ਲੰਘ ਚੁੱਕੀ ਹੈ ਅਤੇ ਪ੍ਰਧਾਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਵੀ ਪਰਿਵਾਰ ਵੱਲੋਂ ਲਗਾਤਾਰ ਚਿੱਠੀ ਪੱਤਰ ਹੋ ਚੁੱਕਾ ਹੈ।

ਭਾਰਤ ਸਰਕਾਰ ਵੱਲੋਂ ਤਾਂ ਸਚਿਨ ਤੈਂਦੁਲਕਰ ਨੂੰ ਭਾਰਤ ਰਤਨ ਪੁਰਸਕਾਰ ਦੇਣਾ ਤੇ ਸ. ਬਲਬੀਰ ਸਿੰਘ ਨੂੰ ਅੱਖੋਂ ਪਰੋਖੇ ਕਰਨਾ ਤਾਂ ਸਮਝ ਵਿਚ ਆਉਂਦਾ ਹੈ, ਪਰ ਸ਼੍ਰੋਮਣੀ ਗੁਰਦਵਾਰਾ ਕਮੇਟੀ ਵੱਲੋਂ ਵਿਸ਼ਵ ਦੇ ਅੱਵਲ ਨੰਬਰ ਗੁਰਸਿੱਖ ਹਾਕੀ ਖਿਡਾਰੀ ਦਾ ਚਿੱਤਰ ਗੁਰਮਤਾ ਕਰਕੇ ਵੀ ਨਾ ਲਾਉਣਾ ਸਮਝ ਵਿਚ ਨਹੀਂ ਆ ਰਿਹਾ।

ਕੈਨੇਡਾ ਦੇ ਵੱਡੇ ਗੁਰਦਵਾਰੇ ਉਨਟਾਰੀਓ ਖਾਲਸਾ ਦਰਬਾਰ ਟੋਰੰਟੋ ਦੀ ਲਾਇਬ੍ਰੇਰੀ ਵਿਚ ਬਲਬੀਰ ਸਿੰਘ ਦਾ ਚਿੱਤਰ ਸਜਾਇਆ ਹੋਇਐ। ਜੇਕਰ ਬਲਬੀਰ ਸਿੰਘ ਦੇ ਗੁਰਸਿੱਖ ਹੋਣ ਵਿਚ ਕੋਈ ਸ਼ੰਕਾ ਹੋਵੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸ ਦੇਣਾ ਚਾਹੀਦਾ ਹੈ ਤਾਂ ਜੋ ਬਲਬੀਰ ਸਿੰਘ ਧੀ ਸੁਸ਼ਬੀਰ ਕੌਰ ਦਾ ਪਰਿਵਾਰ ਤੇ ਵਿਸ਼ਵ ਭਰ ਵਿੱਚ ਵੱਸਦੇ ਸਿੱਖ ਵਾਰ ਵਾਰ ਬੇਨਤੀਆਂ ਕਰਨੀਆਂ ਬੰਦ ਕਰ ਦੇਈਏ।

## ਭੋਜਨ ਵਿਗਿਆਨੀ ਡਾ. ਪ੍ਰੀਤਇੰਦਰ ਕੌਰ ਨੂੰ 2026 ਲਈ ਸਰਵੋਤਮ ਅਧਿਆਪਕ ਪੁਰਸਕਾਰ ਮਿਲਿਆ



ਲੁਧਿਆਣਾ 23 ਅਕਤੂਬਰ : ਤਕਨੀਕੀ ਸਿੱਖਿਆ ਬਾਰੇ ਭਾਰਤੀ ਸੁਸਾਇਟੀ ਨੇ ਪੀ.ਏ.ਯੂ. ਦੇ ਪ੍ਰੋਸੈਸਿੰਗ ਅਤੇ ਭੋਜਨ ਇੰਜਨੀਅਰਿੰਗ ਵਿਭਾਗ ਦੇ ਮਾਹਿਰ ਡਾ. ਪ੍ਰੀਤਇੰਦਰ ਕੌਰ ਨੂੰ ਉਹਨਾਂ ਵੱਲੋਂ ਅਧਿਆਪਨ, ਖੋਜ ਅਤੇ ਤਕਨਾਲੋਜੀ ਵਿਕਾਸ ਲਈ ਪਾਏ ਯੋਗਦਾਨ ਦੇ ਮੱਦੇਨਜ਼ਰ ਸਰਵੋਤਮ ਅਧਿਆਪਕ ਪੁਰਸਕਾਰ 2026 ਨਾਲ ਸਨਮਾਨਿਤ ਕੀਤਾ| ਬੀਤੇ ਦਿਨੀਂ ਗੁਰੂ ਨਾਨਕ ਦੇਵ ਇੰਜਨਅਰਿੰਗ ਕਾਲਜ ਲੁਧਿਆਣਾ ਵਿਖੇ ਉੱਘੇ ਅਕਾਦਮਿਕ ਮਾਹਿਰਾਂ ਦੀ ਹਾਜ਼ਰੀ ਦੌਰਾਨ ਉਹਨਾਂ ਨੂੰ ਇਹ ਇਨਾਮ ਪ੍ਰਦਾਨ ਕੀਤਾ ਗਿਆ| ਏ ਆਈ ਨਾਲ ਤਕਨਾਲੋਜੀ ਰੂਪਾਂਤਰਣ ਵਿਸ਼ੇ ਤੇ ਆਯੋਜਿਤ ਇਸ ਵਰਕਸ਼ਾਪ ਵਿਚ ਵਿਸ਼ੇ ਨਾਲ ਸੰਬੰਧਿਤ ਉੱਘੇ ਵਿਗਿਆਨੀ ਹਾਜ਼ਰ ਸਨ|

26 ਸਾਲ ਦੇ ਅਧਿਆਪਨ ਸਫਰ ਦੌਰਾਨ ਉਹਨਾਂ ਨੇ ਭੋਜਨ ਪ੍ਰੋਸੈਸਿੰਗ, ਪੈਕੇਜਿੰਗ ਅਤੇ ਵਢਾਈ ਉਪਰੰਤ ਤਕਨਾਲੋਜੀ ਦੇ ਖੇਤਰ ਵਿਚ ਖੋਜੀ ਵਜੋਂ ਜ਼ਿਕਰਯੋਗ ਹਿੱਸਾ ਪਾਇਆ|

2016 ਵਿਚ ਡਾ. ਕੌਰ ਨੇ ਮਿਸ਼ੀਗਨ ਰਾਜ ਯੂਨੀਵਰਸਿਟੀ ਅਮਰੀਕਾ ਤੋਂ ਪੋਸਟ ਡਾਕਟਰਲ ਖੋਜ ਕੀਤੀ ਅਤੇ ਇਸੇ ਸਦਕਾ ਖੇਤੀ ਉਤਪਾਦ ਦੀ ਸਾਂਭ-ਸੰਭਾਲ, ਪ੍ਰੋਸੈਸਿੰਗ, ਪੈਕੇਜਿੰਗ ਆਦਿ ਵਿਸ਼ਿਆਂ ਉੱਪਰ ਨਵੀਆਂ ਕਾਢਾਂ ਸਾਹਮਣੇ ਲਿਆਂਦੀਆਂ| ਉਹਨਾਂ ਨੇ ਆਪਣੇ ਖੇਤਰ ਵਿਚ ਅਧਿਆਪਨ ਤੋਂ ਇਲਾਵਾ ਕਿਸਾਨ ਸਿਖਲਾਈ ਅਤੇ ਸਮਰਥਾ ਨਿਰਮਾਣ ਲਈ ਵੀ ਵਿਸ਼ੇਸ਼ ਯੋਗਦਾਨ ਪਾਇਆ|

ਇਸ ਪ੍ਰਾਪਤੀ ਲਈ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਹਰਵਿੰਦਰ ਸਿੰਘ ਧਾਲੀਵਾਲ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਖੇਤੀ ਇੰਜਨੀਅਰਿੰਗ ਕਾਲਜ ਦੇ ਡੀਨ ਡਾ. ਮਨਜੀਤ ਸਿੰਘ, ਵਧੀਕ ਨਿਰਦੇਸ਼ਕ ਖੋਜ ਡਾ. ਮਹੇਸ਼ ਕੁਮਾਰ ਅਤੇ ਵਿਭਾਗ ਦੇ ਮੁਖੀ ਡਾ. ਤਰਸੇਮ ਚੰਦ ਮਿੱਤਲ ਨੇ ਉਹਨਾਂ ਨੂੰ ਵਧਾਈ ਦਿੱਤੀ|

## ਸ਼ੀਸ਼ੇ ਦੀ ਦੁਨੀਆਂ ਬਨਾਮ ਕੈਦੀ

ਵਰਲਡ ਪੰਜਾਬੀ ਟਾਈਮਜ਼ ਸੰਦੀਪ ਦਿਉੜਾ

ਅੱਜ ਦਾ ਮਨੁੱਖ ਤਕਨਾਲੋਜੀ ਦੇ ਚਰਮ ‘ਤੇ ਖੜਾ ਹੈ। ਇੰਟਰਨੈਟ, ਆਰਟੀਫ਼ੀਸ਼ਲ ਇੰਟੈਲੀਜੈਂਸ, ਅਤੇ ਸਮਾਰਟਫੋਨ ਨੇ ਸਾਡੀ ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਇਨ੍ਹਾਂ ਵਿੱਚੋਂ ਮੋਬਾਇਲ ਫੋਨ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਬਣ ਚੁੱਕਾ ਹੈ। ਮੋਬਾਇਲ ਸਿਰਫ਼ ਗੱਲਬਾਤ ਕਰਨ ਦਾ ਜਰੀਆ ਨਹੀਂ ਰਹਿ ਗਿਆ, ਬਲਕਿ ਇਹ ਸਾਡੀ ਜ਼ਿੰਦਗੀ ਦਾ ਕੇਂਦਰ ਬਣ ਗਿਆ ਹੈ। ਪਰ ਇਹ ਕੇਂਦਰ ਇੱਕ “ਸ਼ੀਸ਼ੇ ਦੀ ਦੁਨੀਆਂ” ਵਾਂਗ ਹੈ—ਜਿੱਥੇ ਸਭ ਕੁਝ ਦਿਖਾਈ ਤਾਂ ਦਿੰਦਾ ਹੈ, ਪਰ ਅਸਲ ਨਹੀਂ ਹੁੰਦਾ।

ਇਹ ਸ਼ੀਸ਼ੇ ਦੀ ਦੁਨੀਆਂ ਸਾਨੂੰ ਆਕਰਸ਼ਿਤ ਕਰਦੀ ਹੈ, ਸਾਨੂੰ ਖੁਸ਼ੀ ਦਿੰਦੀ ਹੈ, ਪਰ ਹੌਲੀ-ਹੌਲੀ ਇਹ ਸਾਨੂੰ ਆਪਣੇ ਵੱਸ ਵਿੱਚ ਕਰ ਲੈਂਦੀ ਹੈ। ਅਸੀਂ ਇਸ ਵਿੱਚ ਇੰਨਾ ਡੁੱਬ ਜਾਂਦੇ ਹਾਂ ਕਿ ਅਸਲ ਜ਼ਿੰਦਗੀ ਤੋਂ ਕੱਟ ਜਾਂਦੇ ਹਾਂ।

ਸਵੇਰੇ ਅੱਖ ਖੁੱਲਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਅਸੀਂ ਮੋਬਾਇਲ ਨਾਲ ਜੁੜੇ ਰਹਿੰਦੇ ਹਾਂ। ਇਹ ਇੱਕ ਛੋਟਾ ਜਿਹਾ ਯੰਤਰ ਹੁਣ ਸਾਡਾ ਦੋਸਤ, ਅਧਿਆਪਕ, ਮਨੋਰੰਜਨ ਦਾ ਸਾਧਨ ਅਤੇ ਸਾਡਾ ਸਾਥੀ ਤੱਕ ਵੀ ਬਣ ਗਿਆ ਹੈ। ਪਰ ਇਸ ਮੋਬਾਇਲ ਦੀ ਸਕਰੀਨ—ਇੱਕ “ਸ਼ੀਸ਼ੇ ਦੀ ਦੁਨੀਆਂ”—ਸਾਨੂੰ ਜਿੱਥੇ ਇਕ ਪਾਸੇ ਆਕਰਸ਼ਿਤ ਕਰਦੀ ਹੈ, ਉੱਥੇ ਦੂਜੇ ਪਾਸੇ ਸਾਨੂੰ ਇੱਕ “ਕੈਦੀ” ਵੀ ਬਣਾ ਰਹੀ ਹੈ।

ਮੈਂ ਜੋ ਅੱਜ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ ਉਹ ਇਸੇ ਵਿਸ਼ੇ ‘ਤੇ ਹੀ ਕੇਂਦਰਿਤ ਹੈ ਕਿ ਕਿਵੇਂ ਮੋਬਾਇਲ ਦੀ ਸ਼ੀਸ਼ੇ ਵਰਗੀ ਦੁਨੀਆਂ ਸਾਨੂੰ ਮੋਹ ਲੈਂਦੀ ਹੈ ਅਤੇ ਅਸੀਂ ਕਿਵੇਂ ਹੌਲੀ-ਹੌਲੀ ਇਸ ਦੇ ਕੈਦੀ ਬਣ ਜਾਂਦੇ ਹਾਂ।

ਮੋਬਾਇਲ — ਆਧੁਨਿਕ ਸ਼ੀਸ਼ਾ

ਮੋਬਾਇਲ ਦੀ ਸਕਰੀਨ ਨੂੰ ਸ਼ੀਸ਼ੇ ਨਾਲ ਤੁਲਨਾ ਕਰਨਾ ਬਿਲਕੁਲ ਠੀਕ ਹੈ। ਜਿਵੇਂ ਸ਼ੀਸ਼ਾ ਸਾਡੀ ਤਸਵੀਰ ਦਿਖਾਉਂਦਾ ਹੈ, ਤਿਵੇਂ ਮੋਬਾਇਲ ਸਾਨੂੰ ਦੁਨੀਆਂ ਦੀ ਤਸਵੀਰ ਦਿਖਾਉਂਦਾ ਹੈ। ਪਰ ਇਸ ਵਿੱਚ ਇੱਕ ਵੱਡਾ ਫਰਕ ਹੈ—ਸ਼ੀਸ਼ਾ ਸੱਚ ਦਿਖਾਉਂਦਾ ਹੈ, ਜਦਕਿ ਮੋਬਾਇਲ ਸਿਰਫ਼ ਉਹੀ ਦਿਖਾਉਂਦਾ ਹੈ ਜੋ ਦਿਖਾਇਆ ਜਾਣਾ ਚਾਹੁੰਦਾ ਹੈ।ਮੋਬਾਇਲ ਦੀ ਸਕਰੀਨ ਸਾਨੂੰ ਦੁਨੀਆਂ ਦੇ ਦ੍ਰਿਸ਼ ਦਿਖਾਉਂਦੀ ਹੈ—ਵੀਡੀਓ, ਤਸਵੀਰਾਂ, ਖ਼ਬਰਾਂ ਅਤੇ ਸੋਸ਼ਲ ਮੀਡੀਆ ਦੇ ਪੋਸਟ।ਪਰ ਇਹ ਸਾਰਾ ਕੁਝ ਚੁਣਿਆ ਹੋਇਆ ਹੁੰਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ‘ਤੇ ਲੋਕ ਆਪਣੀ ਜ਼ਿੰਦਗੀ ਦੇ ਸਭ ਤੋਂ ਸੁੰਦਰ ਪਲ ਸਾਂਝੇ ਕਰਦੇ ਹਨ। ਫਿਲਟਰਾਂ ਅਤੇ ਐਡੀਟਿੰਗ ਦੀ ਮਦਦ ਨਾਲ ਇੱਕ ਆਮ ਤਸਵੀਰ ਨੂੰ ਵੀ ਖੂਬਸੂਰਤ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਇੱਕ ਆਭਾਸੀ ਦੁਨੀਆਂ ਬਣ ਜਾਂਦੀ ਹੈ।ਜਿੱਥੇ ਸਭ ਕੁਝ ਬਿਹਤਰ ਲੱਗਦਾ ਹੈ।

ਆਕਰਸ਼ਣ ਦਾ ਜਾਲ

ਮੋਬਾਇਲ ਦੀ ਦੁਨੀਆਂ ਬਹੁਤ ਆਕਰਸ਼ਕ ਹੈ। ਇਸ ਵਿੱਚ ਗੇਮਾਂ, ਵੀਡੀਓ, ਫਿਲਮਾਂ, ਸੰਗੀਤ, ਅਤੇ ਅਣਗਿਣਤ ਐਪਲੀਕੇਸ਼ਨ ਹਨ। ਹਰ ਐਪਲੀਕੇਸ਼ਨ ਸਾਨੂੰ ਹੋਰ ਸਮਾਂ ਬਿਤਾਉਣ ਲਈ ਉਤਸ਼ਾਹਿਤ ਕਰਦੀ ਹੈ।

ਨੋਟੀਫਿਕੇਸ਼ਨ ਦੀ ਆਵਾਜ਼, ਲਾਈਕ ਅਤੇ ਕੁਮੈਂਟ ਸਾਨੂੰ ਖੁਸ਼ੀ ਦਿੰਦੇ ਹਨ। ਇਹ ਖੁਸ਼ੀ ਅਸਥਾਈ ਹੁੰਦੀ ਹੈ, ਪਰ ਇਸ ਦੀ ਆਦਤ ਪੈ ਜਾਂਦੀ ਹੈ। ਅਸੀਂ ਵਾਰ-ਵਾਰ ਮੋਬਾਇਲ ਚੈੱਕ ਕਰਦੇ ਹਾਂ—ਕੋਈ ਨਵਾਂ ਸੁਨੇਹਾ ਆਇਆ ਹੈ ਜਾਂ ਨਹੀਂ। ਇਹੀ ਆਦਤ ਹੌਲੀ-ਹੌਲੀ ਨਸ਼ੇ ਵਿੱਚ ਬਦਲ ਜਾਂਦੀ ਹੈ।

ਆਭਾਸੀ ਖੁਸ਼ੀ ਵਿਰੁੱਧ ਅਸਲੀ ਖੁਸ਼ੀ

ਮੋਬਾਇਲ ਸਾਨੂੰ ਜੋ ਖੁਸ਼ੀ ਦਿੰਦਾ ਹੈ, ਉਹ ਅਸਲੀ ਨਹੀਂ ਹੁੰਦੀ। ਇਹ ਸਿਰਫ ਕੁਝ ਪਲਾਂ ਲਈ ਹੁੰਦੀ ਹੈ। ਜਦੋਂ ਅਸੀਂ ਮੋਬਾਇਲ ਨੂੰ ਇੱਕ ਪਾਸੇ ਰੱਖਦੇ ਹਾਂ, ਤਾਂ ਅਸੀਂ ਫਿਰ ਖਾਲੀਪਣ ਮਹਿਸੂਸ ਕਰਦੇ ਹਾਂ।ਅਸਲੀ ਖੁਸ਼ੀ ਪਰਿਵਾਰ ਨਾਲ ਸਮਾਂ ਬਿਤਾਉਣ ਵਿੱਚ, ਦੋਸਤਾਂ ਨਾਲ ਮਿਲਣ ਵਿੱਚ ਅਤੇ ਕੁਦਰਤ ਨਾਲ ਜੁੜਨ ਵਿੱਚ ਹੈ। ਪਰ ਮੋਬਾਇਲ ਸਾਨੂੰ ਇਹਨਾਂ ਸਭ ਤੋਂ ਦੂਰ ਕਰ ਦਿੰਦਾ ਹੈ।

ਕੈਦੀ ਬਣਨ ਦੀ ਪ੍ਰਕਿਰਿਆ

ਮੋਬਾਇਲ ਦਾ ਇਸਤੇਮਾਲ ਸ਼ੁਰੂ ਵਿੱਚ ਇੱਕ ਸਹੂਲਤ ਹੁੰਦਾ ਹੈ, ਪਰ ਹੌਲੀ-ਹੌਲੀ ਇਹ ਆਦਤ ਬਣ ਜਾਂਦਾ ਹੈ। ਜਦੋਂ ਅਸੀਂ ਇਸ ਦੇ ਬਿਨਾਂ ਰਹਿ ਨਹੀਂ ਸਕਦੇ, ਤਾਂ ਅਸੀਂ ਇਸ ਦੇ ਕੈਦੀ ਬਣ ਜਾਂਦੇ ਹਾਂ।ਅਸੀਂ ਹਰ ਵੇਲੇ ਮੋਬਾਇਲ ਨਾਲ ਜੁੜੇ ਰਹਿੰਦੇ ਹਾਂ। ਅਸੀਂ ਆਪਣੇ ਕੰਮਾਂ ਵਿੱਚ ਧਿਆਨ ਨਹੀਂ ਦੇ ਸਕਦੇ। ਅਸੀਂ ਨੀਂਦ ਘੱਟ ਲੈਂਦੇ ਹਾਂ,

ਅਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਗੱਲਬਾਤ ਘੱਟ ਕਰਦੇ ਹਾਂ।ਇਹ ਸਾਰੇ ਲੱਛਣ ਇੱਕ ਕੈਦੀ ਦੀ ਜ਼ਿੰਦਗੀ ਨੂੰ ਹੀ ਤਾਂ ਦਰਸਾਉਂਦੇ ਹਨ।

ਸਮਾਜਿਕ ਪ੍ਰਭਾਵ

ਮੋਬਾਇਲ ਦੇ ਅਧਿਕ ਵਰਤੋਂ ਨਾਲ ਸਮਾਜ ‘ਤੇ ਵੀ ਅਸਰ ਪੈਂਦਾ ਹੈ। ਪਰਿਵਾਰਕ ਸੰਬੰਧ ਕਮਜ਼ੋਰ ਹੋ ਜਾਂਦੇ ਹਨ। ਲੋਕ ਇੱਕ ਹੀ ਘਰ ਵਿੱਚ ਰਹਿ ਕੇ ਵੀ ਇੱਕ-ਦੂਜੇ ਨਾਲ ਗੱਲ ਨਹੀਂ ਕਰਦੇ।ਦੋਸਤੀ ਵੀ ਹੁਣ ਆਨਲਾਈਨ ਹੋ ਗਈ ਹੈ। ਅਸਲ ਮਿਲਣ-ਜੁਲਣ ਘੱਟ ਹੋ ਗਿਆ ਹੈ। ਇਸ ਨਾਲ ਮਨੁੱਖੀ ਸੰਬੰਧਾਂ ਦੀ ਗਹਿਰਾਈ ਘਟ ਰਹੀ ਹੈ।

ਮਾਨਸਿਕ ਅਤੇ ਸਰੀਰਕ ਪ੍ਰਭਾਵ

ਮੋਬਾਇਲ ਦੀ ਲੰਬੀ ਵਰਤੋਂ ਸਾਡੇ ਸਿਹਤ ‘ਤੇ ਵੀ ਅਸਰ ਪਾਂਦੀ ਹੈ।ਮੋਬਾਇਲ ਦੀ ਜਿਆਦਾ ਵਰਤੋਂ ਨਾਲ ਤਣਾਅ , ਚਿੰਤਾ, ਡਿਪ੍ਰੈਸ਼ਨ ਅਤੇ ਧਿਆਨ ਦੀ ਕਮੀ ਆਦਿ ਰੋਗ ਉਤਪੰਨ ਹੁੰਦੇ ਹਨ। ਇਸ ਤੋਂ ਇਲਾਵਾ ਸਰੀਰਕ ਪ੍ਰਭਾਵ ਜਿਵੇਂ ਅੱਖਾਂ ਦੀ ਸਮੱਸਿਆ,ਗਰਦਨ ਅਤੇ ਪਿੱਠ ਦਰਦ, ਨੀਂਦ ਦੀ ਕਮੀ ਆਦਿ ਇਹ ਸਾਰੇ ਪ੍ਰਭਾਵ ਸਾਨੂੰ ਹੌਲੀ-ਹੌਲੀ ਕਮਜ਼ੋਰ ਕਰਦੇ ਹਨ।

ਨੌਜਵਾਨ ਪੀੜ੍ਹੀ ‘ਤੇ ਪ੍ਰਭਾਵ

ਨੌਜਵਾਨ ਪੀੜ੍ਹੀ ਮੋਬਾਇਲ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ। ਵਿਦਿਆਰਥੀ ਆਪਣੀ ਪੜ੍ਹਾਈ ਤੋਂ ਵੱਧ ਸਮਾਂ ਮੋਬਾਇਲ ‘ਤੇ ਬਿਤਾਉਂਦੇ ਹਨ।ਗੇਮਾਂ ਅਤੇ ਸੋਸ਼ਲ ਮੀਡੀਆ ਉਹਨਾਂ ਦਾ ਧਿਆਨ ਭਟਕਾਉਂਦੇ ਹਨ। ਇਸ ਨਾਲ ਉਹਨਾਂ ਦੀ ਸਿੱਖਿਆ ਅਤੇ ਭਵਿੱਖ‘ਤੇ ਨਕਾਰਾਤਮਕ ਅਸਰ ਪੈਂਦਾ ਹੈ।

ਮੋਬਾਇਲ ਦੇ ਸਕਾਰਾਤਮਕ ਪੱਖ

ਮੋਬਾਇਲ ਦੇ ਸਿਰਫ਼ ਨਕਾਰਾਤਮਕ ਪੱਖ ਨਹੀਂ ਹਨ। ਇਹ ਸਾਡੀ ਜ਼ਿੰਦਗੀ ਨੂੰ ਬਿਹਤਰ ਵੀ ਬਣਾਉਂਦਾ ਹੈ। ਸਿੱਖਿਆ ਲਈ ਆਨਲਾਈਨ ਸਰੋਤ, ਦੁਨੀਆਂ ਨਾਲ ਜੁੜਨ ਦੀ ਸਹੂਲਤ, ਐਮਰਜੈਂਸੀ ਵਿੱਚ ਮਦਦ, ਕੰਮ ਨੂੰ ਆਸਾਨ ਬਣਾਉਣਾ ਆਦਿ। ਜੇਕਰ ਆਖ ਦੇਈਏ ਕਿ ਮੋਬਾਇਲ ਖੁਦ ਸਮੱਸਿਆ ਨਹੀਂ ਹੈ—ਇਸ ਦਾ ਗਲਤ ਇਸਤੇਮਾਲ ਸਮੱਸਿਆ ਹੈ ਤਾਂ ਕੋਈ ਗਲਤ ਨਹੀਂ ਹੋਵੇਗਾ।

ਸੰਤੁਲਨ ਦੀ ਲੋੜ

ਮੋਬਾਇਲ ਦੇ ਸਹੀ ਇਸਤੇਮਾਲ ਲਈ ਸੰਤੁਲਨ ਬਹੁਤ ਜ਼ਰੂਰੀ ਹੈ।ਦਿਨ ਵਿੱਚ ਨਿਰਧਾਰਿਤ ਸਮਾਂ ਹੀ ਮੋਬਾਇਲ ਵਰਤੋ,ਸੌਣ ਤੋਂ ਪਹਿਲਾਂ ਮੋਬਾਇਲ ਤੋਂ ਦੂਰ ਰਹੋ, ਪਰਿਵਾਰ ਨਾਲ ਸਮਾਂ ਬਿਤਾਓ, ਆਉਟਡੋਰ ਗਤੀਵਿਧੀਆਂ ਵਿੱਚ ਹਿੱਸਾ ਲਓ। ਇਹ ਸਭ ਸਾਡੀ ਜਿੰਦਗੀ ਨੂੰ ਖੁਸ਼ਗਵਾਰ ਬਣਾਉਂਦੀਆ ਹਨ।

ਹੱਲ ਅਤੇ ਜਾਗਰੂਕਤਾ

ਸਾਨੂੰ ਆਪਣੇ ਆਪ ਨੂੰ ਇਸ ਕੈਦ ਤੋਂ ਬਚਾਉਣ ਲਈ ਜਾਗਰੂਕ ਹੋਣਾ ਪਵੇਗਾ।ਇਸ ਲਈ ਸਭ ਤੋਂ ਪਹਿਲਾਂ ਡਿਜ਼ਿਟਲ ਡੀਟੌਕਸ ਕਰੋ, ਨੋਟੀਫਿਕੇਸ਼ਨ ਘੱਟ ਕਰੋ,

ਮੋਬਾਇਲ ਤੋਂ ਬਿਨਾਂ ਸਮਾਂ ਬਿਤਾਉਣ ਦੀ ਆਦਤ ਬਣਾਓ।

ਅੰਤ ਵਿੱਚ ਮੈਂ ਏਹੀ ਆਖਾਂਗਾ ਕਿ ਮੋਬਾਇਲ ਦੀ ਸ਼ੀਸ਼ੇ ਵਾਲੀ ਦੁਨੀਆਂ ਬਹੁਤ ਆਕਰਸ਼ਕ ਹੈ, ਪਰ ਇਹ ਸਿਰਫ ਇੱਕ ਭਰਮ ਹੈ। ਜੇ ਅਸੀਂ ਇਸ ਵਿੱਚ ਜ਼ਿਆਦਾ ਡੁੱਬ ਜਾਂਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਕੈਦ ਕਰ ਲੈਂਦੇ ਹਾਂ।

ਅਸਲ ਜ਼ਿੰਦਗੀ ਦੀ ਖੁਸ਼ੀ ਮੋਬਾਇਲ ਵਿੱਚ ਨਹੀਂ, ਸਗੋਂ ਸਾਡੇ ਆਲੇ-ਦੁਆਲੇ ਹੈ। ਇਸ ਲਈ ਸਾਨੂੰ ਮੋਬਾਇਲ ਨੂੰ ਆਪਣਾ ਸਾਧਨ ਬਣਾਉਣਾ ਚਾਹੀਦਾ ਹੈ, ਨਾ ਕਿ ਆਪਣੇ ਆਪ ਨੂੰ ਇਸ ਦਾ ਕੈਦੀ ਬਣਾਉਣਾ ਚਾਹੀਦਾ ਹੈ।

## ਇੰਦਰਾ ਕਲੋਨੀ ’ਚ ਦੁੱਧ ਖਪਤਕਾਰ ਜਾਗਰੂਕਤਾ ਕੈਂਪ ਆਯੋਜਿਤ



ਲੁਧਿਆਣਾ, 23 ਅਕਤੂਬਰ : ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਲੁਧਿਆਣਾ ਵੱਲੋਂ ਸ਼ਹਿਰ ਦੀ ਇੰਦਰਾ ਕਾਲੋਨੀ ਵਿਖੇ ਦੁੱਧ ਖਪਤਕਾਰ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਦੁੱਧ ਖਪਤਕਾਰਾਂ ਨੂੰ ਸ਼ੁੱਧ, ਮਿਆਰੀ ਅਤੇ ਸਾਫ਼ ਦੁੱਧ ਉਪਲਬਧ ਕਰਵਾਉਣ ਲਈ ਜਾਗਰੂਕ ਕਰਨਾ ਅਤੇ ਦੁੱਧ ਦੀ ਗੁਣਵੱਤਾ ਦੀ ਜਾਂਚ ਕਰਨਾ ਸੀ।

ਕੈਂਪ ਦੌਰਾਨ ਦੁੱਧ ਦੇ ਕੁੱਲ 30 ਸੈਂਪਲਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 12 ਸੈਂਪਲਾਂ ਵਿੱਚ ਪਾਣੀ ਦੀ ਮਾਤਰਾ ਵੱਧ ਪਾਈ ਗਈ। ਜਾਂਚ ਦੌਰਾਨ ਕਿਸੇ ਵੀ ਸੈਂਪਲ ਵਿੱਚ ਕੋਈ ਹਾਨੀਕਾਰਕ ਰਸਾਇਣ ਨਹੀਂ ਪਾਇਆ ਗਿਆ।

ਇਸ ਮੁਹਿੰਮ ਰਾਹੀਂ ਦੁੱਧ ਖਪਤਕਾਰਾਂ ਨੂੰ ਦੁੱਧ ਦੀ ਗੁਣਵੱਤਾ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸ਼ੁੱਧ ਤੇ ਮਿਆਰੀ ਦੁੱਧ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ।